# ਖੇਤੀਬਾੜੀ ਕਾਰਜਾਂ ਵਿੱਚ ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ - ਰੁਜ਼ਗਾਰਦਾਤਾਵਾਂ ਲਈ ਜਾਣਕਾਰੀ

ਇਹ ਤੱਥ ਸ਼ੀਟ **ਕੈਲੀਫੋਰਨੀਆ ਸੈਨੇਟ ਬਲਿ 553** (SB 553) ਦੀ ਇੱਕ ਸੰਖੇਪ ਜਾਣਕਾਰੀ ਹੈ, ਜਸਿ 'ਤੇ 30 ਸਤੰਬਰ 2023 ਨੂੰ ਦਸਤਖ਼ਤ ਕਰਕੇ ਕਨੂੰਨ ਬਣਾ ਦਤਿਾ ਗਆਿ ਸੀ। SB 553 ਨੇ ਲੇਬਰ ਕੋਡ ਸੈਕਸ਼ਨ 6401.7 ਨੂੰ ਸੋਧਆਿ ਹੈ, ਤਾਂ ਜੋ ਰੁਜ਼ਗਾਰਦਾਤਾਵਾਂ ਨੂੰ ਨਵੇਂ ਕੋਡਬੱਧ ਲੇਬਰ ਕੋਡ ਸੈਕਸ਼ਨ **6401.9** ਦੇ ਅਨੁਸਾਰ ਹਸਿਾ ਰੋਕਥਾਮ ਯੋਜਨਾ ਸਥਾਪਤ ਕਰਨ ਅਤੇ ਲਾਗੂ ਕਰਨ ਦੀ ਲੋੜ ਹੋਵੇ, ਜੋ ਯੋਜਨਾ ਲਈ ਲੋੜਾਂ ਨੂੰ ਨਰਿਧਾਰਤ ਕਰਦਾ ਹੈ। 1 ਜੁਲਾਈ 2024 ਤੋਂ ਲੈਕੇ ਕੈਲੀਫੋਰਨੀਆ ਵਿੱਚ ਜ਼ਆਿਦਾਤਰ ਰੁਜ਼ਗਾਰਦਾਤਾਵਾਂ, ਜਨਿ੍ਹਾਂ ਵਿੱਚ ਖੇਤੀਬਾੜੀ ਕਾਰਜਾਂ ਵਾਲੇ ਲੋਕ ਵੀ ਸ਼ਾਮਲ ਹਨ, ਨੂੰ ਲਾਜ਼ਮੀ ਤੌਰ 'ਤੇ ਕਾਰਜਸਥਾਨ ਹਸਿਾ ਰੋਕਥਾਮ ਪਲਾਨ ਨੂੰ ਸਥਾਪਤ ਕਰਨਾ, ਲਾਗੂ ਕਰਨਾ ਅਤੇ ਕਾਇਮ ਰੱਖਣਾ ਚਾਹੀਦਾ ਹੈ ਜਸਿ ਵਿੱਚ ਸ਼ਾਮਲ ਹਨ:

- ਕਰਮਚਾਰੀ ਨਾਲ ਬਦਲਾ ਲੈਣ ਤੋਂ ਮਨਾਹੀ।
- ਕੰਮ ਵਾਲੀ ਥਾਂ 'ਤੇ ਹਸਿਾ ਦੀਆਂ ਰਪਿੋਰਟਾਂ ਨੂੰ ਸਵੀਕਾਰ ਕਰਨਾ ਅਤੇ ਕਾਰਵਾਈ ਕਰਨਾ।
- ਕਰਮਚਾਰੀ ਕੰਮ ਵਾਲੀ ਥਾਂ 'ਤੇ ਹਸਿਾ ਸੰਬੰਧੀ ਸਖਿਲਾਈ ਅਤੇ ਸੰਚਾਰ।
- ਐਮਰਜੈਂਸੀ ਪ੍ਰਤੀਕਰਿਆ।
- ਕੰਮ ਵਾਲੀ ਥਾਂ 'ਤੇ ਹਸਿਾ ਦੇ ਖਤਰੇ ਦੇ ਮੁਲਾਂਕਣ।
- ਹੋਰ ਲੋੜਾਂ, ਜਵਿੇਂ ਕ ਿਹਸਿਕ ਘਟਨਾ ਲਾਗ ਨੂੰ ਕਾਇਮ ਰੱਖਣਾ।

## ਰੁਜ਼ਗਾਰਦਾਤਾਵਾਂ ਨੂੰ ਕੀ ਜਾਣਨ ਦੀ ਲੋੜ ਹੈ?

ਸਾਰੇ ਮਾਲਕਾਂ, ਕਰਮਚਾਰੀਆਂ, ਰੁਜ਼ਗਾਰ ਦੇ ਸਥਾਨਾਂ ਅਤੇ ਰੁਜ਼ਗਾਰਦਾਤਾ ਵੱਲੋਂ ਦਤਿੀਆਂ ਰਹਿਾਇਸ਼ਾਂ, ਖੇਤੀਬਾੜੀ ਕਾਰਜ ਸਥਾਨਾਂ ਸਮੇਤ, ਨੂੰ ਲਾਜ਼ਮੀ ਤੌਰ 'ਤੇ SB 553 ਦੀ ਪਾਲਣਾ ਕਰਨੀ ਚਾਹੀਦੀ ਹੈ, ਬਸ ਉਨ੍ਹਾਂ ਨੂੰ ਛੱਡਕੇ ਜੋ ਲੇਬਰ ਕੋਡ 6401.9 ਦੇ ਭਾਗ (b) ਵਿੱਚ ਸੂਚੀਬੱਧ ਹਨ।

ਇਹ ਤੱਥ ਸ਼ੀਟ ਸਰਿਫ਼ ਇੱਕ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ। ਰੁਜ਼ਗਾਰਦਾਤਾਵਾਂ ਨੂੰ **ਕੈਲੀਫੋਰਨੀਆ ਸੈਨੇਟ ਬਲਿ 553** (SB 553) ਦੀਆਂ ਪੂਰੀਆਂ ਲੋੜਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ, ਜਸਿ ਵਿੱਚ ਲੇਬਰ ਕੋਡ ਸੈਕਸ਼ਨ 6401.9 ਸ਼ਾਮਲ ਹੈ।



## ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ ਦੀ ਯੋਜਨਾ ਬਣਾਉਣਾ

ਲੇਬਰ ਕੋਡ ਸੈਕਸ਼ਨ 6401.9 ਹਸਿਾ ਰੋਕਥਾਮ ਯੋਜਨਾ ਦੇ ਉਨ੍ਹਾਂ ਲੋੜੀਂਦੇ ਤੱਤਾਂ ਨੂੰ ਦਰਸਾਉਂਦਾ ਹੈ, ਜੋ ਸੈਕਸ਼ਨ 6401.7 ਦੇ ਤਹਤਿ ਜ਼ਰੂਰੀ ਹਨ:

- ਹਰੇਕ ਕਵਰ ਕੀਤੇ ਰੁਜ਼ਗਾਰਦਾਤਾ ਨੂੰ ਇੱਕ ਪ੍ਰਭਾਵਸ਼ਾਲੀ ਕੰਮ ਵਾਲੀ ਥਾਂ 'ਤੇ ਹਸਿਾ ਰੋਕਥਾਮ ਯੋਜਨਾ ਸਥਾਪਤ ਕਰਨ, ਲਾਗੂ ਕਰਨ ਅਤੇ ਬਣਾਈ ਰੱਖਣ ਦੀ ਲੋੜ ਹੁੰਦੀ ਹੈ।
- ਯੋਜਨਾ ਵਿੱਚ ਹੇਠ ਲਖਿੀਆਂ ਗੱਲਾਂ ਨੂੰ ਸ਼ਾਮਲ ਕਰਨ ਦੀ ਲੋੜ ਹੈ:
  - ਇਸ ਨੂੰ ਲਾਗੂ ਕਰਨ ਲਈ ਜ਼ਮਿੇਵਾਰ ਵਅਿਕਤੀਆਂ ਦੇ ਨਾਮ।
  - ਯੋਜਨਾ ਨੂੰ ਵਕਿਸਤ ਕਰਨ ਅਤੇ ਲਾਗੂ ਕਰਨ ਵਿੱਚ ਕਰਮਚਾਰੀਆਂ ਦੀ ਸ਼ਮੂਲੀਅਤ ਲਈ ਪ੍ਰਭਾਵੀ ਪ੍ਰਕਰਿਆਿਵਾਂ।
  - ਲਾਗੂ ਹੋਣ 'ਤੇ ਦੂਜੇ ਰੁਜ਼ਗਾਰਦਾਤਾਵਾਂ ਨਾਲ ਯੋਜਨਾ ਨੂੰ ਲਾਗੂ ਕਰਨ ਲਈ ਤਾਲਮੇਲ ਕਰਨ ਦੇ ਤਰੀਕੇ।
  - ਰੁਜ਼ਗਾਰਦਾਤਾਵਾਂ ਲਈ ਕੰਮ ਵਾਲੀ ਥਾਂ 'ਤੇ ਹਸਿਾ ਦੀਆਂ ਰਪਿੋਰਟਾਂ ਨਾਲ ਨਜਿੱਠਣ ਅਤੇ ਕਾਰਵਾਈ ਕਰਨ ਲਈ ਪ੍ਰਕਰਿਆਿਵਾਂ, ਅਤੇ ਇਹ ਯਕੀਨੀ ਬਣਾਓ ਕ ਿਰਪਿੋਰਟ ਕਰਨ ਵਾਲੇ ਕਰਮਚਾਰੀ ਦੇ ਵਰਿੁੱਧ ਕੋਈ ਬਦਲਾ ਨਾ ਲਆਿ ਜਾਵੇ।
  - ਸੁਪਰਵਾਈਜ਼ਰਾਂ ਸਮੇਤ ਕਰਮਚਾਰੀਆਂ ਤੋਂ ਪਾਲਣਾ ਯਕੀਨੀ ਬਣਾਉਣ ਲਈ ਪ੍ਰਕਰਿਆਿਵਾਂ।
  - ਕੰਮ ਵਾਲੀ ਥਾਂ 'ਤੇ ਹਸਿਾ ਦੇ ਮਾਮਲਆਿਂ ਦੇ ਸਬੰਧ ਵਿੱਚ ਕਰਮਚਾਰੀਆਂ ਨਾਲ ਗੱਲਬਾਤ ਕਰਨ ਲਈ ਪ੍ਰਕਰਿਆਿਵਾਂ।
  - ਐਮਰਜੈਂਸੀ ਰਸਿਪਾਂਸ ਪ੍ਰੋਟੋਕੋਲ
  - ਸਖਿਲਾਈ ਦੀਆਂ ਪ੍ਰਕਰਿਆਿਵਾਂ।

(ਅਗਲੇ ਪੰਨੇ 'ਤੇ ਜਾਰੀ)



- ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖਤਰਿਆਂ ਦੀ ਪਛਾਣ ਕਰਨ ਅਤੇ ਮੁਲਾਂਕਣ ਕਰਨ ਦੀਆਂ ਪ੍ਰਕਰਿਆਿਵਾਂ, ਜਸਿ ਵੱਿਚ ਹੇਠ ਲਖਿੀ ਵਾਰਵਾਰਤਾ ਨਾਲ ਨਰਿੀਖਣ ਸ਼ਾਮਲ ਹੁੰਦੇ ਹਨ:
  - ਜਦੋਂ ਯੋਜਨਾ ਪਹਲਿੀ ਵਾਰ ਸੈੱਟ ਕੀਤੀ ਜਾਂਦੀ ਹੈ।
  - ਸਮੇਂ-ਸਮੇਂ 'ਤੇ ਨਯਿਤ।
  - ਹਸਿੰਕ ਘਟਨਾਵਾਂ ਤੋਂ ਬਾਅਦ।
  - ਜਦੋਂ ਵੀ ਕੋਈ ਨਵਾਂ ਜੋਖ਼ਮ ਪਤਾ ਲੱਗ ਜਾਂਦਾ ਹੈ।
- ਕੰਮ ਵਾਲੀ ਥਾਂ 'ਤੇ ਜਹਿੜੇ ਜੋਖਮਾਂ ਦਾ ਪਤਾ ਲਗਾਇਆ ਗਆਿ ਹੈ ਤੇ ਪੜਤਾਲ ਹੋਈ ਹੈ, ਉਨ੍ਹਾਂ ਨੂੰ ਸਮੇਂ ਸਰਿ ਠੀਕ ਕਰਨ ਲਈ ਪ੍ਰਕਰਿਆਿਵਾਂ।
- ਘਟਨਾ ਤੋਂ ਬਾਅਦ ਦੀ ਪ੍ਰਤੀਕਰਿਆਿ ਅਤੇ ਜਾਂਚ ਲਈ ਪ੍ਰਕਰਿਆਿਵਾਂ।
- ਉਹ ਪ੍ਰਕਰਿਆਿਵਾਂ ਜੋ ਯੋਜਨਾ ਦੀ ਸਮੀਖਆਿ ਕਰਨ ਦੀ ਇਜਾਜ਼ਤ ਦੰਿਦੀਆਂ ਹਨ:
  - ਸਾਲਾਨਾ।
  - ਜਦੋਂ ਕੋਈ ਕਮੀ ਨਜ਼ਰ ਆਉਂਦੀ ਹੈ ਜਾਂ ਜਦੋਂ ਉਸ ਬਾਰੇ ਪਤਾ ਲੱਗਦਾ ਹੈ।
  - ਕੰਮ ਵਾਲੀ ਥਾਂ 'ਤੇ ਹਿੰਸਾ ਦੀ ਘਟਨਾ ਤੋਂ ਬਾਅਦ।
- ਡਵੀਜ਼ਨ ਅਤੇ ਸਟੈਂਡਰਡ ਬੋਰਡ ਦੁਆਰਾ ਲੋੜੀਂਦੀਆਂ ਹੋਰ ਪ੍ਰਕਰਿਆਿਵਾਂ ਜੋ ਕਰਮਚਾਰੀ ਦੀ ਸਹਿਤ ਅਤੇ ਸੁਰੱਖਆਿ ਲਈ ਜ਼ਰੂਰੀ ਹਨ।

- ਯੋਜਨਾ ਹਰ ਸਮੇਂ ਅਤੇ ਸਾਰੇ ਕੰਮ ਦੇ ਖੇਤਰਾਂ ਵੱਿਚ ਪ੍ਰਭਾਵੀ ਹੋਣੀ ਚਾਹੀਦੀ ਹੈ ਅਤੇ ਹਰੇਕ ਕਾਰਜ ਖੇਤਰ ਅਤੇ ਕਾਰਜ ਲਈ ਖ਼ਤਰਆਿਂ ਅਤੇ ਸੁਧਾਰਾਤਮਕ ਉਪਾਵਾਂ ਲਈ ਖਾਸ ਹੋਣੀ ਚਾਹੀਦੀ ਹੈ।
- ਲਖਿਤੀ ਯੋਜਨਾ ਨੂੰ ਕੈਲੀਫੋਰਨੀਆ ਕੋਡ ਆਫ਼ ਰੈਗੂਲੇਸ਼ਨਜ਼ ਦੇ ਸਰਿਲੇਖ 8 ਦੇ ਸੈਕਸ਼ਨ 3203 ਦੁਆਰਾ ਲੋੜੀਂਦੇ ਲਖਿਤੀ ਸੱਟ ਅਤੇ ਬਮਿਾਰੀ ਰੋਕਥਾਮ ਪ੍ਰੋਗਰਾਮ ਵੱਿਚ ਵੱਖਰੇ ਭਾਗ ਵਜੋਂ ਸ਼ਾਮਲ ਕੀਤਾ ਜਾ ਸਕਦਾ ਹੈ ਜਾਂ ਇੱਕ ਵੱਖਰੇ ਦਸਤਾਵੇਜ਼ ਵਜੋਂ ਰੱਖਆਿ ਜਾ ਸਕਦਾ ਹੈ।

## ਹਸਿੰਕ ਘਟਨਾ ਲੌਗ ਸੰਬੰਧੀ ਲੋੜਾਂ

ਰੁਜ਼ਗਾਰਦਾਤਾਵਾਂ ਨੂੰ ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਸਾਰੀਆਂ ਘਟਨਾਵਾਂ ਦਾ ਲੌਗ ਜ਼ਰੂਰ ਰੱਖਣਾ ਚਾਹੀਦਾ ਹੈ ਭਾਵੇਂ ਘਟਨਾ ਦੇ ਨਤੀਜੇ ਵਜੋਂ ਸੱਟ ਨਾ ਲੱਗੀ ਹੋਵੇ। ਇਸ ਲੌਗ ਵੱਿਚ ਕਰਮਚਾਰੀ ਦੇ ਬਆਿਨਾਂ, ਗਵਾਹਾਂ ਦੇ ਬਆਿਨਾਂ ਅਤੇ ਜਾਂਚ ਦੇ ਨਤੀਜਆਿਂ ਦੇ ਆਧਾਰ 'ਤੇ ਕੰਮ ਵਾਲੀ ਥਾਂ 'ਤੇ ਹਿੰਸਾ ਦੀ ਹਰੇਕ ਘਟਨਾ ਬਾਰੇ ਜਾਣਕਾਰੀ ਲਾਜ਼ਮੀ ਸ਼ਾਮਲ ਹੋਣੀ ਚਾਹੀਦੀ ਹੈ। ਘਟਨਾ ਦੀ ਜਾਣਕਾਰੀ ਵੱਿਚ ਇਹ ਲਾਜ਼ਮੀ ਸ਼ਾਮਲ ਹੋਣ:

- ਘਟਨਾ ਦੀ ਮਤਿੀ, ਸਮਾਂ, ਸਥਾਨ।
- ਕੰਮ ਵਾਲੀ ਥਾਂ 'ਤੇ ਹਿੰਸਾ ਦੀ "ਕਸਿਮ" (1, 2, 3, ਅਤੇ/ਜਾਂ 4)।
- ਘਟਨਾ ਦਾ ਵਸਿਤ੍ਰਤਿ ਵਰਣਨ।
- ਹਿੰਸਾ ਕਰਨ ਵਾਲੇ ਦਾ ਵਰਗੀਕਰਨ।
- ਘਟਨਾ ਦੇ ਸਮੇਂ ਦੇ ਹਾਲਾਤ।
- ਘਟਨਾ ਵਾਪਰਨ ਦਾ ਸਥਾਨ।
- ਖਾਸ ਘਟਨਾ ਵਸ਼ਿੇਸ਼ਤਾਵਾਂ, ਜਵਿੇਂ ਕ ਿਸਰੀਰਕ ਹਮਲੇ, ਹਥਆਿਰਾਂ ਦੀ ਸ਼ਮੂਲੀਅਤ, ਧਮਕੀਆਂ, ਜਨਿਸੀ ਹਮਲੇ, ਜਾਨਵਰਾਂ ਦੀਆਂ ਘਟਨਾਵਾਂ ਜਾਂ ਹੋਰ ਘਟਨਾਵਾਂ।
- ਘਟਨਾ ਦੇ ਸੱਿਟੇ ਕੀ ਸਨ, ਜੇ ਕੋਈ ਕਾਨੂੰਨੀ ਭਾਗੀਦਾਰੀ ਹੋਈ ਉਸ ਸਮੇਤ।
- ਕਰਮਚਾਰੀਆਂ ਨੂੰ ਹੋਰ ਧਮਕੀ ਜਾਂ ਖਤਰਆਿਂ ਤੋਂ ਬਚਾਉਣ ਲਈ ਕਹਿੜੇ ਕਦਮ ਚੁੱਕੇ ਗਏ ਸਨ।
- ਜਨਿ੍ਹਾਂ ਨੇ ਲੌਗ ਪੂਰਾ ਕੀਤਾ, ਉਹਨਾਂ ਦੇ ਨਾਮ, ਅਹੁਦਾ ਅਤੇ ਪੂਰੀ ਹੋਣ ਦੀ ਮਤਿੀ ਸਮੇਤ।

ਨੋਟ: ਇਹ ਲਾਜ਼ਮੀ ਹੈ ਕ ਿਰੁਜ਼ਗਾਰਦਾਤਾ ਹਿੰਸਾ ਦੀ ਘਟਨਾ ਵੱਿਚ ਸ਼ਾਮਲ ਕਸਿੇ ਵੀ ਵਅਿਕਤੀ ਦੀ ਨੱਿਜੀ ਜਾਣਕਾਰੀ ਸਾਂਝੀ ਨਾ ਕਰਨ, ਤਾਂ ਜੋ ਉਨ੍ਹਾਂ ਦੀ ਪਛਾਣ ਲੁਕੋਕੇ ਰੱਖੀ ਜਾ ਸਕੇ।

(ਅਗਲੇ ਪੰਨੇ 'ਤੇ ਜਾਰੀ)

## ਕਰਮਚਾਰੀਆਂ ਨੂੰ ਕੰਮ ਵਾਲੀ ਥਾਂ 'ਤੇ ਹਿੰਸਾ ਬਾਰੇ ਸਿਖਲਾਈ ਦੇਣਾ

- ਰੁਜ਼ਗਾਰਦਾਤਾਵਾਂ ਨੂੰ ਪ੍ਰਭਾਵਸ਼ਾਲੀ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿਖਲਾਈ ਸਮੱਗਰੀ ਕਾਮਿਆਂ ਦੀ ਸਿੱਖਿਆ, ਪੜ੍ਹਨ ਦੇ ਹੁਨਰ ਅਤੇ ਭਾਸ਼ਾ ਨੂੰ ਸਮਝਣ ਅਤੇ ਮੇਲਣ ਲਈ ਆਸਾਨ ਹੋਵੇ।
- ਰੁਜ਼ਗਾਰਦਾਤਾਵਾਂ ਨੂੰ ਲਾਜ਼ਮੀ ਤੌਰ 'ਤੇ ਕਰਮਚਾਰੀਆਂ ਨੂੰ ਸ਼ੁਰੂਆਤੀ ਸਿਖਲਾਈ ਅਤੇ ਉਸ ਤੋਂ ਬਾਅਦ ਸਾਲਾਨਾ ਪ੍ਰਦਾਨ ਕਰਨਾ ਚਾਹੀਦਾ ਹੈ।
- ਸਿਖਲਾਈ ਲਈ ਹੇਠਾਂ ਦਿੱਤੇ ਸਮੇਤ ਵੱਖ-ਵੱਖ ਪਹਿਲੂਆਂ ਨੂੰ ਕਵਰ ਕਰਨ ਦੀ ਲੋੜ ਹੁੰਦੀ ਹੈ:
    - ਕਰਮਚਾਰੀਆਂ ਨੂੰ ਯੋਜਨਾ ਨਾਲ ਜਾਣੂ ਕਰਵਾਉਣਾ, ਕਾਪੀ ਪ੍ਰਾਪਤ ਕਰਨ ਦਾ ਤਰੀਕਾ ਅਤੇ ਰੁਜ਼ਗਾਰਦਾਤਾ ਦੀ ਯੋਜਨਾ ਦੇ ਵਿਕਾਸ ਅਤੇ ਲਾਗੂ ਕਰਨ ਵਿੱਚ ਕਿਵੇਂ ਹਿੱਸਾ ਲੈਣਾ ਹੈ।
    - ਲੇਬਰ ਕੋਡ ਸੈਕਸ਼ਨ 6401.9 ਦੀਆਂ ਪਰਿਭਾਸ਼ਾਵਾਂ ਅਤੇ ਲੋੜਾਂ।
    - ਬਦਲੇ ਦੇ ਡਰ ਤੋਂ ਬਿਨਾਂ ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਘਟਨਾਵਾਂ ਦੀ ਰਿਪੋਰਟ ਕਿਵੇਂ ਕਰਨੀ ਹੈ।
    - ਨੌਕਰੀ-ਵਿਸ਼ੇਸ਼ ਹਿੰਸਾ ਦੇ ਖਤਰਿਆਂ ਅਤੇ ਰੋਕਥਾਮ ਦੇ ਉਪਾਵਾਂ ਦੇ ਜੋਖਮਾਂ ਨੂੰ ਸਮਝਣਾ।
    - ਹਿੰਸਕ ਘਟਨਾ ਲੌਗ ਦਾ ਉਦੇਸ਼ ਅਤੇ ਸੰਬੰਧਿਤ ਰਿਕਾਰਡਾਂ ਨੂੰ ਕਿਵੇਂ ਪ੍ਰਾਪਤ ਕਰਨਾ ਹੈ।
    - ਰੁਜ਼ਗਾਰਦਾਤਾ ਦੀ ਯੋਜਨਾ ਬਾਰੇ ਜਾਣਕਾਰ ਕਿਸੇ ਵਿਅਕਤੀ ਨਾਲ ਗੱਲਬਾਤ ਕਰਨ ਦੇ ਮੌਕੇ।
- ਜਦੋਂ ਨਵੇਂ ਜਾਂ ਪਹਿਲਾਂ ਅਣਪਛਾਤੇ ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖਤਰਿਆਂ ਦੀ ਖੋਜ ਕੀਤੀ ਜਾਂਦੀ ਹੈ, ਜਾਂ ਯੋਜਨਾ ਵਿੱਚ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ, ਤਾਂ ਮਾਲਕ ਨੂੰ ਵਾਧੂ ਸਿਖਲਾਈ ਪ੍ਰਦਾਨ ਕਰਨੀ ਲਾਜ਼ਮੀ ਹੈ ਜੋ ਖਾਸ ਜੋਖਮਾਂ ਜਾਂ ਯੋਜਨਾ ਸੋਧਾਂ 'ਤੇ ਕੇਂਦ੍ਰਿਤ ਹੁੰਦੀ ਹੈ।

## ਕੰਮ ਵਾਲੀ ਥਾਂ 'ਤੇ ਹਿੰਸਾ ਰਿਕਾਰਡ ਰੱਖਣ ਦੀਆਂ ਲੋੜਾਂ ਦੇ ਨਾਲ ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ

- ਯੋਜਨਾ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ ਅਤੇ ਕਰਮਚਾਰੀਆਂ, ਅਧਿਕਾਰਤ ਕਰਮਚਾਰੀ ਪ੍ਰਤੀਨਿਧੀਆਂ ਅਤੇ Cal/OSHA ਪ੍ਰਤੀਨਿਧਾਂ ਲਈ ਆਸਾਨੀ ਨਾਲ ਪਹੁੰਚਯੋਗ ਹੋਣੀ ਚਾਹੀਦੀ ਹੈ।
- ਕੰਮ ਵਾਲੀ ਥਾਂ 'ਤੇ ਹਿੰਸਾ ਦੇ ਜੋਖਮ ਦੀ ਪਛਾਣ, ਮੁਲਾਂਕਣ, ਅਤੇ ਸਹੀ ਕਰਨ ਦੇ ਰਿਕਾਰਡ ਘੱਟੋ-ਘੱਟ ਪੰਜ ਸਾਲਾਂ ਲਈ ਬਣਾਏ ਅਤੇ ਸੰਭਾਲਕੇ ਰੱਖੇ ਜਾਣੇ ਚਾਹੀਦੇ ਹਨ।
- ਸਿਖਲਾਈ ਦੇ ਰਿਕਾਰਡ ਘੱਟੋ-ਘੱਟ ਇੱਕ ਸਾਲ ਲਈ ਬਣਾਏ ਅਤੇ ਸੰਭਾਲਕੇ ਰੱਖੇ ਜਾਣੇ ਚਾਹੀਦੇ ਹਨ।
- ਹਿੰਸਕ ਘਟਨਾਵਾਂ ਦੇ ਲੌਗਾਂ ਨੂੰ ਘੱਟੋ-ਘੱਟ ਪੰਜ ਸਾਲਾਂ ਲਈ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।
- ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਘਟਨਾਵਾਂ ਦੀ ਜਾਂਚ ਦੇ ਰਿਕਾਰਡ ਨੂੰ ਘੱਟੋ-ਘੱਟ ਪੰਜ ਸਾਲਾਂ ਲਈ ਸੰਭਾਲਕੇ ਰੱਖਿਆ ਜਾਣਾ ਚਾਹੀਦਾ ਹੈ।



## ਵਾਧੂ ਜਾਣਕਾਰੀ ਅਤੇ ਸਰੋਤ

ਜਿਵੇਂ ਕਿ **ਸਿਰਲੇਖ 8, ਸੈਕਸ਼ਨ 342(a) ਦੁਆਰਾ ਲੋੜੀਂਦਾ ਹੈ। ਕੰਮ ਨਾਲ ਜੁੜੀਆਂ ਮੌਤਾਂ ਅਤੇ ਗੰਭੀਰ ਸੱਟਾਂ ਦੀ ਰਿਪੋਰਟ ਕਰਨਾ**, ਰੁਜ਼ਗਾਰਦਾਤਾਵਾਂ ਦੀ ਇੱਕ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਕਿਸੇ ਵੀ ਗੰਭੀਰ ਸੱਟ ਜਾਂ ਬਿਮਾਰੀ, ਜਾਂ ਰੁਜ਼ਗਾਰ ਦੇ ਸਥਾਨ 'ਤੇ ਜਾਂ ਕਿਸੇ ਰੁਜ਼ਗਾਰ ਦੇ ਸਬੰਧ ਵਿੱਚ ਹੋਣ ਵਾਲੇ ਕਿਸੇ ਕਰਮਚਾਰੀ ਦੀ ਮੌਤ (ਕਾਰਜ ਸਥਾਨ ਦੀ ਹਿੰਸਾ ਦੇ ਕਾਰਨ) ਦੀ ਤੁਰੰਤ Cal/OSHA ਨੂੰ ਰਿਪੋਰਟ ਕਰਨ।

ਵਾਧੂ ਨਿਯਮ ਜੋ ਕੰਮ ਵਾਲੀ ਥਾਂ 'ਤੇ ਹਿੰਸਾ ਅਤੇ ਐਕਸਪੋਜਰ 'ਤੇ ਲਾਗੂ ਹੋ ਸਕਦੇ ਹਨ, ਹੇਠਾਂ ਦਿੱਤੇ ਸਿਰਲੇਖ 8 ਭਾਗਾਂ ਵਿੱਚ ਲੱਭੇ ਜਾ ਸਕਦੇ ਹਨ:

- **ਸੈਕਸ਼ਨ 342** (ਕੰਮ ਨਾਲ ਜੁੜੀਆਂ ਮੌਤਾਂ ਅਤੇ ਗੰਭੀਰ ਸੱਟਾਂ ਦੀ ਰਿਪੋਰਟ ਕਰਨਾ)।
    - ਰਿਪੋਰਟਿੰਗ 'ਤੇ ਨਿਰਦੇਸ਼ਾਂ ਲਈ, **ਕੰਮ ਨਾਲ ਸਬੰਧਤ ਦੁਰਘਟਨਾ ਦੀ ਰਿਪੋਰਟ ਕਰੋ** - ਰੁਜ਼ਗਾਰਦਾਤਾ 'ਤੇ ਜਾਓ।
- **ਸੈਕਸ਼ਨ 3203** (ਸੱਟ ਅਤੇ ਬੀਮਾਰੀ ਦੀ ਰੋਕਥਾਮ)।
- **ਸੈਕਸ਼ਨ 14300** (ਰੁਜ਼ਗਾਰਦਾਤਾ ਦਾ ਰਿਕਾਰਡ 300)।
    - ਕੰਮ-ਸਬੰਧਤ ਸੱਟਾਂ ਅਤੇ ਬਿਮਾਰੀਆਂ (Cal/OSHA ਫਾਰਮ 300) ਦੇ ਲੌਗ ਬਾਰੇ ਜਾਣਕਾਰੀ ਲਈ, **ਰਿਕਾਰਡਕੀਪਿੰਗ ਦੀਆਂ ਲੋੜਾਂ ਲਈ ਸੰਖੇਪ ਗਾਈਡ** 'ਤੇ ਜਾਓ।

(ਅਗਲੇ ਪੰਨੇ 'ਤੇ ਜਾਰੀ)

# Cal/OSHA ਸਲਾਹ-ਮਸ਼ਵਰਾ ਪ੍ਰੋਗਰਾਮ

**ਟੋਲ-ਫ੍ਰੀ ਨੰਬਰ: 1-800-963-9424** **ਇੰਟਰਨੈੱਟ: www.dir.ca.gov**

## ਔਨ-ਸਾਈਟ ਸਹਾਇਤਾ ਪ੍ਰੋਗਰਾਮ ਖੇਤਰੀ ਦਫ਼ਤਰ



**ਉੱਤਰੀ ਕੈਲੀਫੋਰਨੀਆ**
1750 ਹੋਵੇ ਐਵੇਨਊਿ, ਸੂਟ 490
ਸੈਕਰਾਮੈਂਟੋ, CA 95825
(916) 263-0704

**ਸੈਂਟਰਲ ਵੈਲੀ**
2550 ਮੈਰੀਪੋਸਾ ਮਾਲ, ਕਮਰਾ 2005
ਫਰਜ਼ਿਨੋ, CA 93721
(559) 445-6800

**ਸੈਨ ਫ੍ਰਾਂਸਸਿਕੋ ਬੇ ਏਰੀਆ**
1515 ਕਲੇ ਸਟ੍ਰੀਟ, ਸੂਟ 1103
ਓਕਲੈਂਡ, CA 94612
(510) 622-2891

**ਸੈਨ ਬਰਨਾਰਡੀਨੋ**
464 ਪੱਛਮ 4 ਸਟਰੀਟ, ਸੂਟ 339
ਸੈਨ ਬਰਨਾਰਡੀਨੋ, CA 92401
(909) 383-4567

**ਸੈਨ ਫਰਨਾਂਡੋ ਵੈਲੀ**
6150 ਵੈਨ ਨੁਇਸ ਬੁਲੇਵਾਰਡ, ਸੂਟ
307, ਵੈਨ ਨੁਇਸ, CA 91401
(818) 901-5754

**ਲਾ ਪਾਲਮਾ/ਲਾ ਮੈਟਰੋ ਏਰੀਆ/ਓਰੇਂਜ**
1 ਸੈਂਟਰਪੁਆਇੰਟ ਡਰਾਈਵ, ਸੂਟ
150, ਲਾ ਪਾਲਮਾ, CA 90623
(714) 562-5525

**ਸੈਨ ਡਇਿਗੋ/ਇੰਪੀਰੀਅਲ**
7575 ਮੈਟਰੋਪੋਲੀਟਨ ਡਰਾਈਵ, ਸੂਟ 204,
ਸੈਨ ਡਇਿਗੋ, CA 92108
(619) 767-2060

ਫ਼ਰਵਰੀ 2024

ਇਹ ਦਸਤਾਵੇਜ਼ www.dir.ca.gov/dosh/dosh_publications ‘ਤੇ ਕਰਿਆਿਸ਼ੀਲ ਲਕਿੰ ਨਾਲ ਉਪਲਬਧ ਹੈ। ਇਸ ਵਸਿ਼ੇ ਸਬੰਧੀ ਸਹਾਇਤਾ ਲਈ, ਰੁਜ਼ਗਾਰਦਾਤਾ
1-800-963-9424 ਜਾਂ InfoCons@dir.ca.gov ‘ਤੇ Cal/OSHA ਸਲਾਹ ਸੇਵਾਵਾਂ ਨਾਲ ਸੰਪਰਕ ਕਰ ਸਕਦੇ ਹਨ।
www.dir.ca.gov/dosh/consultation.html

© 2024 ਕੈਲੀਫੋਰਨੀਆ ਉਦਯੋਗਕਿ ਸੰਬੰਧਾਂ ਦਾ ਵਭਿਾਗ